بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09.11.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਇਕ ਸੌ ਤੀਹ ਸਾਲ ਲੰਘਣ ਦੇ ਬਾਦ ਵੀ ਰੱਬ ਇਸ ਜਮਾਤ ਵਿੱਚ ਅਜਿਹੇ ਕੁਰਬਾਨੀ ਕਰਨ ਵਾਲੇ ਨੇਕ ਪੁਰੁਖ ਪ੍ਰਦਾਨ ਕਰ ਰਿਹਾ ਹੈ ਜੋ ਧਰਮ ਖ਼ਾਤਰ ਆਪਣੀ ਸ਼ਕਤੀ ਅਨੁਸਾਰ ਅਤੇ ਕਈ ਵਾਰ ਆਪਣੀ ਸਮਰਥਾ ਤੇ ਸ਼ਕਤੀ ਤੋਂ ਵਧੱਕੇ ਕੁਰਬਾਨੀਆਂ ਕਰ ਰਹੇ ਹਨ ਅਤੇ ਉਹਨਾਂ ਮਿਆਰਾਂ ਉੱਪਰ ਵੀ ਉਤਰ ਰਹੇ ਹਨ ਅਤੇ ਉਹਨਾਂ ਵਾਦਿਆਂ'ਚੋਂ ਵੀ ਹਿੱਸਾ ਲੈ ਰਹੇ ਹਨ ਜੋ ਰੱਬ ਨੇ ਕੁਰਆਨ ਕਰੀਮ ਵੀ ਵਰਨਣ ਕੀਤੇ ਹਨ ।**

---

**ਤਹਰੀਕੇ ਜਦੀਦ ਦੇ ਨਵੇਂ ਸਾਲ ਦਾ ਬਰਕਤਾਂ ਭਰਪੂਰ ਐਲਾਨ ਅਤੇ ਸੰਸਾਰ ਭਰ ਦੀਆਂ ਜਮਾਤਾਂ ਨਾਲ ਮਾਲੀ ਕੁਰਬਾਨੀਆਂ ਦੇ ਇਮਾਨ ਵਧਾਊ ਤੇ ਮਨਮੋਹਕ ਘਟਨਾਵਾਂ ਦਾ ਮਨਭਾਉਂਦਾ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 09 ਨਵੰਬਰ 2018 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀਆਂ ਆਇਤਾਂ ਦੀ ਤਲਾਵਤ ਫ਼ਰਮਾਈ :

مَثَلُ الَّذِيۡنَ يُنۡفِقُوۡنَ اَمۡوَالَهُمۡ فِىۡ سَبِيۡلِ اللّٰهِ كَمَثَلِ حَبَّةٍ اَنۡۢبَتَتۡ سَبۡعَ سَنَابِلَ فِىۡ كُلِّ سُنۡۢبُلَةٍ مِّائَةُ حَبَّةٍ‌ ؕ وَاللّٰهُ يُضٰعِفُ لِمَنۡ يَّشَآءُ‌ ؕ وَاللّٰهُ وَاسِعٌ عَلِيۡمٌ ○ اَلَّذِيۡنَ يُنۡفِقُوۡنَ اَمۡوَالَهُمۡ فِىۡ سَبِيۡلِ اللّٰهِ ثُمَّ لَا يُتۡبِعُوۡنَ مَآ اَنۡفَقُوۡا مَنًّا وَّلَاۤ اَذًى ۙ لَّهُمۡ اَجۡرُهُمۡ عِنۡدَ رَبِّهِمۡ‌ۚ وَلَا خَوۡفٌ عَلَيۡهِمۡ وَلَا هُمۡ يَحۡزَنُوۡنَ○(سورة البقرة:262تا263)وَمَثَلُ الَّذِيۡنَ يُنۡفِقُوۡنَ اَمۡوَالَهُمُ ابۡتِغَآءَ مَرۡضَاتِ اللّٰهِ وَتَثۡبِيۡتًا مِّنۡ اَنۡفُسِهِمۡ كَمَثَلِ جَنَّةٍۢ بِرَبۡوَةٍ اَصَابَهَا وَابِلٌ فَاٰتَتۡ اُكُلَهَا ضِعۡفَيۡنِ‌ۚ فَاِنۡ لَّمۡ يُصِبۡهَا وَابِلٌ فَطَلٌّ‌ ؕ وَاللّٰهُ بِمَا تَعۡمَلُوۡنَ بَصِيۡرٌ○(سورة البقره :266)اَلشَّيۡطٰنُ يَعِدُكُمُ الۡفَقۡرَ وَيَاۡمُرُكُمۡ بِالۡفَحۡشَآءِ‌ۚ وَاللّٰهُ يَعِدُكُمۡ مَّغۡفِرَةً مِّنۡهُ وَفَضۡلًا ‌ؕ وَاللّٰهُ وَاسِعٌ عَلِيۡمٌ○(سورة البقره :269)لَيۡسَ عَلَيۡكَ هُدٰٮهُمۡ وَلٰـكِنَّ اللّٰهَ يَهۡدِىۡ مَنۡ يَّشَآءُ ‌ؕ وَمَا تُنۡفِقُوۡا مِنۡ خَيۡرٍ فَلِاَنۡفُسِكُمۡ‌ ؕ وَمَا

تُنۡفِقُوۡنَ اِلَّا ابۡتِغَآءَ وَجۡهِ اللّٰهِ ؕ وَمَا تُنۡفِقُوۡا مِنۡ خَيۡرٍ يُّوَفَّ اِلَيۡكُمۡ وَاَنۡتُمۡ لَا تُظۡلَمُوۡنَ○(سورة البقره :273) اَلَّذِيۡنَ يُنۡفِقُوۡنَ اَمۡوَالَهُمۡ بِالَّيۡلِ وَالنَّهَارِ سِرًّا وَّعَلَانِيَةً فَلَهُمۡ اَجۡرُهُمۡ عِنۡدَ رَبِّهِمۡ ۚ وَلَا خَوۡفٌ عَلَيۡهِمۡ وَلَا هُمۡ يَحۡزَنُوۡنَ○(سورة البقره:275)

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਆਇਤਾਂ ਜੋ ਮੈਂ ਤਲਾਵਤ ਕੀਤੀਆਂ ਹਨ ਸੂਰਤ ਬਕਰਾਹ ਦੀਆਂ ਆਇਤਾਂ ਹਨ ਜਿੰਨ੍ਹਾ ਵਿੱਚ ਮਾਲ ਦੀ ਕੁਰਬਾਨੀ ਦਾ ਵਰਨਣ ਹੈ ਅਤੇ ਕੁਰਬਾਨੀਆਂ ਦੇ ਹਵਾਲਿਆਂ ਨਾਲ ਲਗਭਗ ਇਕ ਲੜੀ ਵਿੱਚ ਰੱਬ ਨੇ ਇਹਨਾ ਨੂੰ ਐਥੇ ਵਰਨਣ ਕੀਤਾ ਹੈ ਇਹਨਾ ਦਾ ਅਰਥ ਇਹ ਹੈ ਕਿ ਉਹਨਾਂ ਲੋਕਾਂ ਦੀ ਉਧਾਰਣ ਜੋ ਆਪਣਾ ਮਾਲ ਰੱਬ ਦੇ ਮਾਰਗ ਵਿੱਚ ਖਰਚ ਕਰਦੇ ਹਨ ਅਜਿਹੇ ਬੀ ਵਾਂਗ ਹੈ ਜੋ ਸੱਤ ਸਿੱਟੇ ਉਗਾਉਂਦਾ ਹੈ ਅਤੇ ਹਰ ਸਿੱਟੇ ਵਿੱਚ ਸੌ ਦਾਣੇ ਹੋਣ ਅਤੇ ਰੱਬ ਜਿਸ ਨੂੰ ਚਾਹੇ ਇਸ ਤੋਂ ਅਧਿਕ ਵਧਾ ਦਿੰਦਾ ਹੈ ਅਤੇ ਰੱਬ ਅਤਿਅੰਤ ਵਧਾਉਣ ਵਾਲਾ ਤੇ ਸਦੈਵੀ ਗਿਆਨ ਰਖੱਣ ਵਾਲਾ ਹੈ ।

ਫਿਰ ਅਗਲੀ ਆਇਤ ਵਿੱਚ ਫ਼ਰਮਾਇਆ ਕਿ ਉਹ ਲੋਕ ਜੋ ਆਪਣੇ ਮਾਲ ਰੱਬ ਦੇ ਮਾਰਗ ਵਿੱਚ ਖ਼ਰਚ ਕਰਦੇ ਹਨ ਫਿਰ ਜੋ ਉਹ ਖਰਚ ਕਰਦੇ ਹਨ ਉਸ ਦਾ ਅਹਿਸਾਨ ਜਤਾਉਂਦੇ ਹੋਏ ਜਾਂ ਦੁੱਖ ਦਿੰਦਿਆਂ ਹੋਇਆਂ ਪਿਛੱਾ ਨਹੀਂ ਕਰਦੇ, ਉਹਨਾ ਦਾ ਵਟਾਂਦਰਾ ਰੱਬ ਕੋਲ ਹੈ ਅਤੇ ਉਹਨਾਂ'ਤੇ ਕੋਈ ਖ਼ੌਫ਼ ਨਹੀਂ ਹੋਵੇਗਾ ਅਤੇ ਨ ਹੀ ਉਹ ਦੁਖੀ ਹੋਣਗੇ ।

ਫਿਰ ਫ਼ਰਮਾਉਂਦਾ ਹੈ ਉਹਨਾਂ ਲੋਕਾਂ ਦੀ ਉਧਾਰਣ ਜੋ ਆਪਣੇ ਧਨ ਰੱਬ ਦੀ ਰਜ਼ਾ ਮੰਗਦਿਆਂ ਹੋਇਆਂ ਅਤੇ ਆਪਣਿਆਂ ਵਿੱਚੋਂ ਕੁਝ ਨੂੰ ਤਰੱਕੀ ਦੇਣ ਲਈ ਖ਼ਰਚ ਕਰਦੇ ਹਨ ਅਜਿਹੇ ਬਾਗ ਵਾਂਗ ਹੈ ਜੋ ਉੱਚੇ ਥਾਂ ਉਪੱਰ ਹੋਵੇ ਅਤੇ ਚੰਗੀ ਵਰਖਾ ਨਾਲ ਉਹ ਵੱਧ ਚੜ੍ਹਕੇ ਆਪਣਾ ਫਲ ਲਿਆਏ ਅਤੇ ਜੇਕਰ ਵਰਖਾ ਨ ਵੀ ਪਹੁੰਚੇ ਤਾਂ ਤ੍ਰੇਲ ਹੀ ਬਹੁਤ ਹੋਵੇ ਅਤੇ ਰੱਬ ਉਸ'ਤੇ ਜੋ ਕੁਝ ਤੁਸੀਂ ਕਰਦੇ ਹੋ ਡੂੰਘੀ ਨਜ਼ਰ ਰਖੱਣ ਵਾਲਾ ਹੈ ।

ਫਿਰ ਅਗਲੀ ਆਇਤ ਵਿੱਚ ਫ਼ਰਮਾਉਂਦਾ ਹੈ ਕਿ ਸ਼ੈਤਾਨ ਤੁਹਾਨੂੰ ਗ਼ਰੀਬੀ ਨਾਲ ਡਰਾਉਂਦਾ ਹੈ ਅਤੇ ਤੁਹਾਨੂੰ ਬੁਰਾਈ ਦਾ ਹੁਕਮ ਦਿੰਦਾ ਹੈ ਜੱਦਕਿ ਰੱਬ ਤੁਹਾਡੇ ਨਾਲ ਆਪਣੀ ਜਨਾਬ ਤੋਂ ਬਖ਼ਸ਼ਿਸ਼ ਅਤੇ ਮਿਹਰ ਦਾ ਵਾਦਾ ਕਰਦਾ ਹੈ ਅਤੇ ਰੱਬ ਵੱਡਿਆਈ ਪ੍ਰਦਾਨ ਕਰਨ ਵਾਲਾ ਅਤੇ ਸਦੈਵੀ ਗਿਆਨ ਰਖੱਣ ਵਾਲਾ ਹੈ ।

ਫਿਰ ਰੱਬ ਫ਼ਰਮਾਉਂਦਾ ਹੈ ਕਿ ਉਹਨਾਂ ਨੂੰ ਹਿਦਾਇਤ ਦੇਣਾ ਤੇਰਾ ਕਰਤਵ ਨਹੀਂ, ਪਰ ਰੱਬ ਜਿਸ ਨੂੰ ਚਾਹੇ ਹਿਦਾਇਤ ਦਿੰਦਾ ਹੈ, ਅਤੇ ਜੋ ਤੁਸੀਂ ਮਾਲ ਵਿੱਚੋਂ ਖਰਚ ਕਰੋ ਉਹ ਤੁਹਾਨੂੰ ਭਰਪੂਰ ਵਾਪਸ ਕਰ ਦਿਤੱਾ ਜਾਏਗਾ ਅਤੇ ਉਕੱਾ ਹੀ ਤੁਹਾਡੇ ਕੋਲੋਂ ਕੋਈ ਵਧੀਕੀ ਨਹੀਂ ਕੀਤੀ ਜਾਏਗੀ ।

ਫਿਰ ਫ਼ਰਮਾਇਆ ਕਿ ਉਹ ਲੋਕ ਜੋ ਆਪਣੇ ਮਾਲ ਖ਼ਰਚ ਕਰਦੇ ਹਨ ਰਾਤ ਨੂੰ ਵੀ ਅਤੇ ਦਿਨ ਨੂੰ ਵੀ ਛੁੱਪਕੇ ਵੀ ਅਤੇ ਖੁੱਲੇ ਆਮ ਵੀ, ਤਾਂ ਉਹਨਾਂ ਲਈ ਉਹਨਾਂ ਦਾ ਵਟਾਂਦਰਾ ਉਹਨਾ ਦੇ ਰੱਬ ਕੋਲ ਹੈ ਅਤੇ ਉਹਨਾ'ਤੇ ਕੋਈ ਖ਼ੌਫ਼ ਨਹੀਂ ਹੋਵੇਗਾ ਅਤੇ ਨ ਉਹ ਦੁੱਖ ਹੀ ਮਨਾਉਣਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮਾਲੀ ਕੁਰਬਾਨੀਆਂ ਦਾ ਵਰਨਣ ਕਰਦਿਆਂ ਹੋਇਆਂ ਇਕ ਮੌਕੇ ਫ਼ਰਮਾਉਂਦੇ ਹਨ ਕਿ : ਮੈਂ ਵਾਰ ਵਾਰ ਤਕੀਦ ਕਰਦਾ ਹਾਂ ਕਿ ਰੱਬ ਦੇ ਮਾਰਗ ਵਿੱਚ ਖਰਚ ਕਰੋ ਇਹ ਰੱਬ ਦਾ ਹੁਕਮ ਹੈ । ਇਸਲਾਮ ਹੋਰਨਾ ਧਰਮਾਂ ਦਾ ਸ਼ਿਕਾਰ ਬਣ ਰਿਹਾ ਹੈ । ਉਹ ਚਾਹੁੰਦੇ ਹਨ ਕਿ ਇਸਲਾਮ ਦਾ ਨਾਂ ਨਿਸ਼ਾਨ ਵੀ ਮਿਟਾ ਦੇਣ ਜੱਦ ਇਹ ਹਾਲਤ ਹੋ ਗਈ ਹੈ ਤਾਂ ਇਸਲਾਮ ਦੀ ਤਰੱਕੀ ਲਈ ਅਸੀਂ ਕੋਈ ਕਦਮ ਨ ਚੁੱਕੀਏ । ਰੱਬ ਨੇ ਇਸੇ ਕੰਮ ਲਈ ਤਾਂ ਇਸ ਜਮਾਤ ਨੂੰ ਕਾਇਮ ਕੀਤਾ ਹੈ । ਸੋ, ਇਸ ਦੀ ਤਰੱਕੀ ਲਈ ਜਤਨ ਕਰਨਾ ਇਹ ਰੱਬ ਦੇ ਹੁਕਮ ਤੇ ਇਛੱਾ ਦੀ ਆਗਿਆਕਾਰੀ ਹੈ । ਇਹ ਵਾਦੇ ਵੀ ਰੱਬ ਵੱਲੋਂ ਹਨ ਕਿ ਜੋ

ਵਿਅਕਤੀ ਰੱਬ ਲਈ ਦੇਵੇਗਾ ਮੈਂ ਉਸ ਨੂੰ ਕਈ ਗੁਣਾ ਬਰਕਤ ਦਿਆਂਗਾ, ਦੁਨੀਆਂ ਵਿੱਚ ਹੀ ਉਸ ਨੂੰ ਬਹੁਤ ਕੁਝ ਮਿਲੇਗਾ ਅਤੇ ਮਰਨ ਦੇ ਬਾਦ ਵੀ ਪਰਲੈ ਵਿੱਚ ਵੀ ਵਟਾਂਦਰਾ ਦੇਖ ਲਏਗਾ ਕਿ ਕਿੰਨ੍ਹਾ ਆਰਾਮ ਮਿਲਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸਾਡੀ ਜਮਾਤ ਦਾ ਬਹੁਤ ਵਡੱਾ ਭਾਗ ਗ਼ਰੀਬਾਂ ਦਾ ਹੈ ਪਰ ਰੱਬ ਦਾ ਸ਼ੁਕਰ ਹੈ ਕਿ ਇਹ ਗ਼ਰੀਬਾਂ ਦੀ ਜਮਾਤ ਹੁੰਦਿਆਂ ਹੋਇਆ ਵੀ ਮੈਂ ਦੇਖਦਾ ਹਾਂ ਕਿ ਇਹਨਾ ਵਿੱਚ ਸਚੱਾਈ ਹੈ ਹਮਦਰਦੀ ਹੈ ਅਤੇ ਇਸਲਾਮ ਦੀਆਂ ਲੋੜਾਂ ਨੂੰ ਸਮਝਕੇ ਜਿੱਥੋਂ ਤੱਕ ਸੰਭਵ ਹੋ ਸਕੇ ਉਸ ਲਈ ਖਰਚ ਕਰਨ ਵਿੱਚ ਅੰਤਰ ਨਹੀਂ ਕਰਦੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਸੌ ਤੀਹ ਸਾਲ ਪਹਿਲਾਂ ਜੋ ਜਮਾਤ ਕਾਇਮ ਕੀਤੀ ਸੀ ਅਤੇ ਇਕ ਸੌ ਤੀਹ ਸਾਲ ਲੰਘਣ ਦੇ ਬਾਦ ਅੱਜ ਵੀ ਰੱਬ ਇਸ ਜਮਾਤ ਵਿੱਚ ਅਜਿਹੇ ਕੁਰਬਾਨੀ ਕਰਨ ਵਾਲੇ ਨੇਕ ਪੁਰੁਖ ਪ੍ਰਦਾਨ ਕਰ ਰਿਹਾ ਹੈ ਜੋ ਧਰਮ ਦੀ ਖ਼ਾਤਰ ਆਪਣੀ ਸ਼ਕਤੀ ਅਨੁਸਾਰ ਅਤੇ ਕਈ ਵਾਰ ਆਪਣੀ ਸਮਰਥਾ ਤੇ ਸ਼ਕਤੀ ਤੋਂ ਵਧੱਕੇ ਕੁਰਬਾਨੀਆ ਕਰ ਰਹੇ ਹਨ ਅਤੇ ਉਹਨਾਂ ਮਿਆਰਾਂ ਉਪੱਰ ਵੀ ਪੂਰੇ ਉਤਰ ਰਹੇ ਹਨ ਅਤੇ ਉਹਨਾਂ ਵਾਦਿਆਂ'ਚੋਂ ਹਿਸੱਾ ਲੈ ਰਹੇ ਹਨ ਜੋ ਰੱਬ ਨੇ ਕੁਰਆਨ ਕਰੀਮ ਵਿੱਚ ਕੀਤੇ ਹਨ । ਇਹ ਮਿਆਰ ਰੱਬ ਦੀ ਮਿਹਰ ਨਾਲ ਅੱਜ ਕੇਵਲ ਅਤੇ ਕੇਵਲ ਰੱਬ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਕਾਇਮ ਕੀਤੀ ਇਸ ਜਮਾਤ ਵਿੱਚ ਦਿਖਾਈ ਦਿੰਦੇ ਹਨ। ਹਜ਼ੂਰ ਅਨਵਰ ਨੇ ਫ਼ਰਮਾਇਆ ਇਸ ਦੀਆਂ ਕੁਝ ਉਧਾਰਣਾ ਪੇਸ਼ ਕਰਦਾ ਹਾਂ। ਇਹ ਘਟਨਾਵਾਂ ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿੱਚ ਫੈਲੇ ਹੋਏ ਲੋਕਾਂ ਦੀਆਂ ਹਨ ਜੋ ਇਸ ਪ੍ਰਣ ਨੂੰ ਨਿਭਾ ਰਹੇ ਹਨ ਕਿ ਅਸੀਂ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਿਕਤਾ ਦਿੰਦਿਆਂ ਹੋਇਆਂ ਆਪਣੇ ਮਾਲ ਪੇਸ਼ ਕਰਨ ਲਈ ਹਰ ਸਮੇਂ ਤਿਆਰ ਹਨ ।

ਇੰਡੀਆ ਤੋਂ ਇੰਸਪੈਕਟਰ ਤਹਿਰੀਕੇ ਜਦੀਦ ਲਿਖਦੇ ਹਨ, ਸ਼ਹਾਬ ਸਾਹਬ ਕਿ ਜਮਾਤ ਅਹਮਦੀਆ ਚਿੰਤਾ ਕੁੰਟਾ ਦੀ ਇਕ ਲੜਕੀ ਸੂਫ਼ੀਆ ਬੇਗ਼ਮ ਨੇ ਆਪਣੇ ਭਾਈ ਦੇ ਹੱਥ ਸੁਨੇਹਾ ਭੇਜਿਆ ਕਿ ਜੱਦ ਮੈਂ ਛੋਟੀ ਸੀ ਤਾਂ ਮਾਤਾ ਨਾਲ ਜਲਸਿਆਂ ਵਿੱਚ ਜਾਇਆ ਕਰਦੀ ਸੀ ਅਤੇ ਓਲਮਾ ਕਰਾਮ ਦੀਆਂ ਤਕਰੀਰਾਂ ਸੁਣਿਆ ਕਰਦੀ ਸੀ ਕਿ ਜੱਦ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਤਹਿਰੀਕੇ ਜਦੀਦ ਦੀ ਨੀਂਹ ਰੱਖੀ ਅਤੇ ਉਸ ਲਈ ਮਾਲੀ ਕੁਰਬਾਨੀਆਂ ਦੀ ਤਹਿਰੀਕ ਕੀਤੀ ਤਾਂ ਅਨੇਕਾਂ ਹੀ ਇਸਤਰੀਆਂ ਨੇ ਹਜ਼ੂਰ ਦੀ ਸੇਵਾ ਵਿੱਚ ਆਪਣੇ ਗਹਿਣੇ ਪੇਸ਼ ਕਰ ਦਿੱਤੇ, ਜੱਦ ਇਹ ਆਸਥਾ ਭਰੀਆਂ ਗਲੱਾਂ ਸੁਣਦੀ ਤਾਂ ਮੇਰੇ ਮਨ ਵਿੱਚ ਵਿੱਚ ਵੀ ਇਕ ਇਛੱਾ ਪੈਦਾ ਹੁੰਦੀ ਕਿ ਕਾਸ਼ ਮੇਰੇ ਕੋਲ ਵੀ ਗਹਿਣੇ ਹੁੰਦੇ ਤਾਂ ਮੈਂ ਵੀ ਉਸਨੂੰ ਤਹਿਰੀਕੇ ਜਦੀਦ ਵਿੱਚ ਦਿੰਦੀ, ਪਰ ਗ਼ਰੀਬੀ ਕਰਕੇ ਮੇਰੇ ਲਈ ਇਹ ਅਸੰਭਵ ਸੀ ਪਰੰਤੂ ਹੁਣ ਮੈਂਨੂੰ ਦੋ ਤੋਲੇ ਸੋਨਾ ਮੇਰੀ ਮਾਤਾ ਦੇ ਦੇਹਾਂਤ ਦੇ ਬਾਦ ਤਰਕੇ ਦੇ ਰੂਪ ਵਿੱਚ ਮਿਲਿਆ ਹੈ ਉਹ ਮੈਂ ਪੇਸ਼ ਕਰਦੀ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਹੁਣੇ ਪਿਛਲੇ ਜੁਮਏ ਵਿੱਚ ਅਮਰੀਕਾ ਵਿੱਚ ਵੀ ਕਿਹਾ ਸੀ ਅਧਿਕਤਰ ਕਹਿੰਦਾ ਰਹਿੰਦਾ ਹਾਂ ਕਿ ਗ਼ਰੀਬ ਤਾਂ ਮਾਲੀ ਕੁਰਬਾਨੀ ਕਰ ਰਹੇ ਹਨ ਪਰੰਤੂ ਅਮੀਰ ਲੋਕ ਜੋ ਚੰਗੇ ਹਾਲਾਤਾਂ ਵਿੱਚ ਹਨ, ਉਹਨਾ ਨੂੰ ਆਪਣੇ ਹਾਲਾਤ ਉਪੱਰ ਨਿਗਾਹ ਮਾਰਨੀ ਚਾਹੀਦੀ ਕਿ ਕੀ ਉਹਨਾ ਦੇ ਕੁਰਬਾਨੀ ਦੇ ਮਿਆਰ ਅਜਿਹੇ ਹਨ ਕਿ ਜੋ ਰੱਬ ਜਿੰਨ੍ਹਾ ਬਾਰੇ ਫ਼ਰਮਾਉਂਦਾ ਹੈ ਕਿ ਅਜਿਹੇ ਮਿਆਰ ਹੋਣੇ ਚਾਹੀਦੇ ਹਨ ਅਤੇ ਫਿਰ ਉਹਨਾ ਨੂੰ ਕੁਬੂਲ ਵੀ ਕਰਦਾ ਹੈ ।

ਇੰਡੀਆ ਤੋਂ ਹੀ ਇਕ ਇੰਸਪੈਕਟਰ ਤਹਿਰੀਕੇ ਜਦੀਦ ਕਰਨਾਟਕ ਪ੍ਰਾਂਤ ਤੋਂ ਲਿਖੱਦੇ ਹਨ ਕਿ ਇਕ ਮਿਤੱਰ ਦਾ ਚੰਦਾ ਤਹਿਰੀਕੇ ਜਦੀਦ ਢਾਈ ਹਜ਼ਾਰ ਰੁਪਏ ਅਦਾਇਗੀ ਯੋਗ ਸੀ । ਉਹਨਾਂ ਨੂੰ ਅਦਾਇਗੀ ਲਈ ਬਿਨਤੀ ਕੀਤੀ ਗਈ ਕਿ ਤਹਿਰੀਕੇ ਜਦੀਦ ਦਾ ਸਾਲ ਖ਼ਤਮ ਹੋਣ ਵਿੱਚ ਕੇਵਲ ਕੁਝ ਦਿਨ ਰਹਿ ਗਏ ਹਨ । ਇਸ'ਤੇ ਉਹਨਾ ਨੇ ਕਿਹਾ ਕਿ ਵਰਖਾ ਕਰਕੇ ਪਿਛੱਲੇ ਤਿੰਨ ਮਹੀਨਿਆਂ ਤੋਂ ਕੰਮ ਬਿਲਕੁਲ ਬੰਦ ਹੈ ਅਤੇ ਆਮਦਨ ਦੀ ਕੋਈ ਆਸ

ਦਿਖਾਈ ਨਹੀਂ ਦੇ ਰਹੀ ਹੈ, ਇਸ'ਤੇ ਕਹਿੰਦੇ ਹਨ ਮੈਂ ਉਹਨਾਂ ਨੂੰ ਕਿਹਾ ਕਿਹਾ ਕਿ ਅਦਾਇਗੀ ਦਾ ਨਿਸ਼ਚਾ ਅਤੇ ਰੱਬ ਤੋਂ ਦੁਆ ਮੰਗੋ । ਇਹ ਕਹਿਕੇ ਮੈਂ ਅਗਾਹ ਚਲਾ ਗਿਆ । ਸ਼ਾਮ ਨੂੰ ਜੱਦ ਉੱਥੇ ਹੋਰਨਾ ਥਾਵਾਂ ਦੇ ਦੌਰੇ ਤੋਂ ਵਾਪਸ ਪਰਤਿਆ ਤਾਂ ਉਕਤ ਵਿਅਕਤੀ ਆਪ ਮਿਸ਼ਨ ਹਾਊਸ ਆਏ ਅਤੇ ਆਪਣਾ ਪੂਰਾ ਚੰਦਾ ਅਦਾ ਕਰ ਦਿਤੱਾ । ਮੈਂ ਉਹਨਾਂ ਨੂੰ ਪੁੱਛਿਆ ਕਿ ਇਹ ਕਿਵੇਂ ਹੋ ਗਿਆ ਐਨ੍ਹੀ ਛੇਤੀ । ਕਹਿਣ ਲੱਗੇ ਕਿ ਬਸ ਇਹ ਨਿਸ਼ਚੇ ਦੀ ਬਰਕਤ ਅਤੇ ਚੰਦਾ ਦੇਣ ਦੀ ਬਰਕਤ ਹੈ ਇਕ ਵਿਅਕਤੀ ਨੇ ਕੁਝ ਸਮਾਂ ਪਹਿਲਾਂ ਤੋਂ ਮੇਰੇ ਪੈਸੇ ਦੇਣੇ ਸਨ ਅਤੇ ਮੈਂ ਕਈ ਮਹੀਨਿਆਂ ਤੋਂ ਚਕੱਰ ਲਾ ਰਿਹਾ ਸੀ, ਉਹ ਨਹੀਂ ਦੇ ਰਿਹਾ ਸੀ ਪਰ ਅੱਜ ਅਚਨਚੇਤ ਉਹ ਮੇਰੇ ਘਰ ਆਇਆ ਅਤੇ ਮੇਰੀ ਰਕਮ ਮੈਨੂੰ ਪਰਤਾ ਦਿੱਤੀ ।

ਬੁਰਕੀਨਾਫ਼ਾਸੋ ਤੋਂ ਮੁਬਾਰਕ ਮੁਨੀਰ ਸਾਹਬ ਮੁਬਲੱਗ਼ ਲਿਖੱਦੇ ਹਨ ਕਿ ਪੇਗੋ ਜਮਾਤ ਦੇ ਇਕ ਨੇਕ ਅਹਮਦੀ ਹਾਜੀ ਇਬ੍ਰਾਹੀਮ ਦੇ ਦੋ ਬੱਚੇ ਕੁਝ ਸਮੇਂ ਤੋਂ ਬਿਮਾਰ ਸਨ ਬਹੁਤ ਇਲਾਜ ਕਰਵਾਇਆ ਪਰੰਤੂ ਲਾਭ ਨਹੀਂ ਹੋ ਰਿਹਾ ਸੀ ਇਕ ਦਿਨ ਸਾਡੇ ਮੁਅਲੱਮ ਸਾਹਬ ਨੇ ਉਹਨਾਂ ਨੂੰ ਮਾਲੀ ਕੁਰਬਾਨੀ ਦੀ ਤਹਿਰੀਕ ਕੀਤੀ ਤਾਂ ਉਹਨਾਂ ਨੇ ਆਪਣੀ ਸਮਰਥਾ ਅਨੁਸਾਰ ਚੰਦਾ ਦਿਤੱਾ ਅਤੇ ਦੁਆ ਕੀਤੀ ਕਿ ਹੇ, ਅਲੱਾਹ ਮੇਰੀ ਕੁਰਬਾਨੀਆਂ ਕੁਬੂਲ ਫ਼ਰਮਾ ਅਤੇ ਮੇਰੀ ਸੰਤਾਨ ਨੂੰ ਛੇਤੀ ਸਵਾਸਥ ਪ੍ਰਦਾਨ ਕਰ । ਕਹਿੰਦੇ ਹਨ ਕਿ ਕੁਝ ਦਿਨ ਬਾਦ ਹੀ ਰੱਬ ਦੀ ਮਿਹਰ ਨਾਲ ਉਹਨਾਂ ਦੇ ਬੱਚਿਆਂ ਦੀ ਹਾਲਤ ਚੰਗੀ ਹੋਣੀ ਸ਼ੁਰੂ ਹੋ ਗਈ ਅਤੇ ਇਕ ਬਚੱਾ ਤਾਂ ਬਿਲਕੁਲ ਠੀਕ ਹੋ ਗਿਆ ਅਤੇ ਦੂਜੇ ਬੱਚੇ ਵਿੱਚ ਵੀ ਵਾਹਵਾ ਬਿਹਤਰੀ ਆਈ, ਉਹਨਾਂ ਨੂੰ ਇਹ ਵਿਸ਼ਵਾਸ਼ ਹੈ ਕਿ ਰੱਬ ਨੇ ਉਹਨਾ ਦੀ ਕੁਰਬਾਨੀ ਕੁਬੂਲ ਕਰਦਿਆਂ ਹੋਇਆਂ ਇਹ ਬਰਕਤ ਪ੍ਰਦਾਨ ਕੀਤੀ ਹੈ ।

ਜਰਮਨੀ ਦੇ ਤਹਿਰੀਕੇ ਜਦੀਦ ਦੇ ਸੈਕ੍ਰੇਟਰੀ ਲਿਖਦੇ ਹਨ ਕਿ ਬੋਕਨ ਜਮਾਤ ਦੇ ਇਕ ਮਿਤੱਰ ਨੇ ਤਹਿਰੀਕੇ ਜਦੀਦ ਨੇ ਚੰਦੇ ਵਿੱਚ ਨੌ ਸੌ ਯੂਰੋ ਦਾ ਵਾਧਾ ਕੀਤਾ । ਇਹ ਮਿਤੱਰ ਦਸੱਦੇ ਹਨ ਕਿ ਜਿਸ ਦਿਨ ਮੈਂ ਇਹ ਵਾਦਾ ਕੀਤਾ ਉਸ ਤੋਂ ਅਗਲੇ ਦਿਨ ਜੱਦ ਮੈਂ ਫ਼ਰਮ ਵਿੱਚ ਗਿਆ ਤਾਂ ਮਾਲਕ ਨੇ ਕਿਹਾ ਮੈਂ ਤੁਹਾਡੀ ਤਨਖ਼ਵਾਹ ਵਿੱਚ ਸੌ ਯੂਰੋ ਦਾ ਵਾਧਾ ਕੀਤਾ ਹੈ ਅਤੇ ਫ਼ਰਵਰੀ ਤੋਂ ਅਕਤੂਬਰ ਤੱਕ ਦਾ ਹਿਸਾਬ ਲਾਇਆ ਤਾਂ ਕੁਲ ਨੌ ਸੌ ਯੂਰੋ ਬਣਦੇ ਹਨ । ਇਹ ਮਿੱਤਰ ਕਹਿੰਦੇ ਹਨ ਕਿ ਮੈਨੂੰ ਵਿਸ਼ਵਾਸ਼ ਸੀ ਕਿ ਰੱਬ ਇਸ ਦਾ ਪ੍ਰਬੰਧ ਕਰ ਦੇ ਵੇਗਾ ਪਰ ਇਹ ਨਹੀਂ ਪਤਾ ਸੀ ਕਿ ਰੱਬ ਚੌਵੀ ਘੱਟੇ ਵੀ ਲੰਘਣ ਨਹੀਂ ਦੇਵੇਗਾ ਅਤੇ ਪ੍ਰਬੰਧ ਕਰ ਦੇਵੇਗਾ ।

ਆਇਵਰੀ ਕੋਸਟ ਦੇ ਮੁਬਲੱਗ਼ ਸਿਲਸਿਲਾ ਲਿਖੱਦੇ ਹਨ ਕਿ ਉੱਥੇ ਤਹਿਰੀਕੇ ਜਦੀਦ ਦੇ ਚੰਦੇ ਦੇ ਸੰਬੰਧ ਵਿੱਚ ਇਕ ਨਵੀਂ ਜਮਾਤ ਵਿੱਚ ਗਏ ਅਤੇ ਤਹਿਰੀਕੇ ਜਦੀਦ ਦੀ ਮਹਤੱਾ ਉਪੱਰ ਭਾਸ਼ਣ ਦਿਤੱਾ ਗਿਆ ਅਤੇ ਵਧੇਰੇ ਇਹ ਦੱਸਿਆ ਗਿਆ ਕਿ ਖ਼ਲੀਫ਼ਾਤੁਲ ਮਸੀਹ ਨੇ ਕਿਹਾ ਹੈ ਕਿ ਸਾਰੇ ਲੋਕ ਇਸ ਬਰਕਤਾਂ ਭਰਪੂਰ ਤਹਿਰੀਕ ਵਿੱਚ ਹਿਸੱਾ ਪਾਉਣ । ਅਗਲੇ ਦਿਨ ਫ਼ਜਰ ਦੀ ਨਮਾਜ਼ ਦੇ ਬਾਦ ਜਮਾਤ ਦੇ ਲੋਕਾਂ ਨੇ ਆਪਣੀ ਆਪਣੀ ਸਮਰਥਾ ਅਨੁਸਾਰ ਚੰਦਾ ਦੇਣਾ ਸ਼ੁਰੂ ਕਰ ਦਿੱਤਾ ਅਤੇ ਇਮਾਮ ਮਸਜਿਦ ਨੇ ਵੀ ਇਸ ਨੇਕ ਕਾਰਜ ਵਿੱਚ ਹਿਸੱਾ ਲਿਆ ਅਤੇ ਆਪਣੀ ਫ਼ੈਮਲੀ ਵੱਲੋਂ ਵੀ ਤਹਿਰੀਕੇ ਜਦੀਦ ਦਾ ਚੰਦਾ ਅਦਾ ਕੀਤਾ । ਫਿਰ ਬਾਦ ਵਿੱਚ ਉਹਨਾਂ ਦਾ ਛੇ ਸਾਨ ਦਾ ਪੁਤੱਰ ਆਪਣੇ ਪਿਤਾ ਤੋਂ ਸੌ ਫ਼੍ਰਾਂਕ ਸੇਫ਼ਾ ਲੈਕੇ ਆਇਆ ਅਤੇ ਕਹਿਣ ਲਗੱਾ ਕਿ ਇਹ ਮੇਰਾ ਚੰਦਾ ਹੈ । ਕਹਿੰਦੇ ਹਨ ਸਾਨੂੰ ਇਸ ਛੋਟੇ ਜਿਹੇ ਬੱਚੇ ਦੀ ਇਸ ਅਦਾ ਉਪੱਰ ਬਹੁਤ ਪਿਆਰ ਆਇਆ ਕਿ ਛੋਟੀ ਜਿਹੀ ਉਮਰ ਵਿੱਚ ਮਾਲੀ ਕੁਰਬਾਨੀ ਦਾ ਕਿੰਨ੍ਹਾ ਸ਼ੌਕ ਹੈ । ਅਲੱਾਹ ਤਆਲਾ ਇਹਨਾ ਨੌਮੁਬਾਈਨ ਦੀਆਂ ਕੁਰਬਾਨੀਆਂ ਨੂੰ ਪਰਵਾਨਗੀ ਪ੍ਰਦਾਨ ਕਰੇ ਅਤੇ ਦੀਨ ਤੇ ਦੁਨੀਆਂ ਦੇ ਉਪਹਾਰਾਂ ਤੋਂ ਨਿਵਾਜੇ ।

ਇੰਡੋਨੇਸ਼ੀਆ ਤੋਂ ਇਕ ਇਸਤਰੀ ਲਿਖੱਦੀ ਹਨ ਵਾਰਦੀ ਸਾਹਿਬਾ ਕਿ ਬੀਤੇ ਰਮਜ਼ਾਨ ਵਿੱਚ ਸਾਡੀ ਫ਼ੈਮਲੀ ਇਕ ਔਕੁੜ ਵਿੱਚ ਗ੍ਰਿਸੀ ਹੋਈ ਸੀ, ਮੇਰੇ ਸਹੁਰਾ ਸਾਹਬ ਬਿਮਾਰ ਹੋ ਗਏ, ਉਹਨਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ । ਇਕ ਮਹੀਨਿ ਤੱਕ ਹਸਪਤਾਲ ਵਿੱਚ ਇਲਾਜ ਹੇਠ ਰਹੇ, ਇਸੇ ਵਿੱਚ ਹੀ ਉਹਨਾਂ ਦੀ ਅਵਸਥਾ ਗੰਭੀਰ ਹੋ ਗਈ ਅਤੇ ਆਈ ਸੀ ਯੂ ਵਿੱਚ ਦਾਖ਼ਲ ਹੋਣਾ ਪਿਆ, ਬਚਣ ਦੀ ਉਮੀਦ ਘੱਟ ਸੀ । ਫਿਰ ਉਹਨਾਂ ਨੂੰ ਮੇਰਾ ਖ਼ੁਤਬਾ ਚੇਤੇ ਆਇਆ ਜੋ ਤਹਿਰੀਕੇ ਜਦੀਦ ਦੀਆਂ ਬਰਕਤਾਂ ਬਾਰੇ ਸੀ । ਸੋ, ਸਾਰੇ ਘਰ ਵਾਲਿਆਂ ਨੂੰ ਇਕਤੱਰ ਹੋਕੇ ਫ਼ੈਸਲਾ ਕੀਤਾ ਕਿ ਅਸੀਂ ਸਾਰਿਆਂ ਨੇ ਇਸੇ ਮਹੀਨਿ ਰਮਜ਼ਾਨ ਵਿੱਚ ਤਹਿਰੀਕੇ ਜਦੀਦ ਦੀ ਸੌ ਪ੍ਰਤੀਸ਼ਤ ਅਦਾਇਗੀ ਕਰਨੀ ਹੈ ਅਤੇ ਸੌ ਪ੍ਰਤੀਸ਼ਤ ਅਦਾਇਗੀ ਕਰ ਦਿੱਤੀ ਅਤੇ ਮੈਂਨੂੰ ਵੀ ਦੁਆ ਲਈ ਲਿੱਖਿਆ । ਕਹਿੰਦੇ ਹਨ ਕਿ ਰੱਬ ਦੀ ਮਿਹਰ ਨਾਲ ਦੁਆਵਾਂ ਦੇ ਸਿੱਟੇ ਵਿੱਚ ਅਤੇ ਕੁਰਬਾਨੀ ਦੇ ਸਿੱਟੇ ਵਿੱਚ ਮੇਰੇ ਸਹੁਰੇ ਸਾਹਬ ਦੀ ਅਵਸਥਾ ਬਿਅਤਰ ਹੋਣ ਲੱਗੀ । ਕੁਝ ਦਿਨ ਬਾਦ ਡਾਕਟਰ ਨੇ ਉਹਨਾਂ ਨੂੰ ਘਰ ਵਾਪਸ ਜਾਣ ਦੀ ਆਗਿਆ ਦੇ ਦਿੱਤੀ । ਘਰ ਪਹੁੰਚਣ'ਤੇ ਜੱਦ ਗਵਾਂਢੀਆਂ ਨੂੰ ਪਤਾ ਲਗੱਾ ਕਿ ਇਹ ਤਾਂ ਬਿਲਕੁਲ ਠੀਕ ਹੋ ਗਏ ਹਨ ਤਾਂ ਉਹਨਾਂ ਨੂੰ ਬਹੁਤ ਹੈਰਾਨੀ ਹੋਈ ਕਿ ਇਹ ਕਿਵੇਂ ਸੰਭਵ ਹੈ ਕਿ ਐਨ੍ਹੀ ਗੰਭੀਰ ਬਿਮਾਰੀ ਕਰਕੇ ਮੌਤ ਦੇ ਦਰ'ਤੇ ਪਹੁੰਚਣ ਵਾਲਾ ਇਕ ਵਿਅਕਤੀ ਠੀਕ ਹੋਕੇ ਵਾਪਸ ਆ ਗਿਆ ।

ਕੌਂਗੋ ਬ੍ਰਾਜ਼ਵੇਲ ਦੇ ਮੁਅਲੱਮ ਸਾਹਬ ਲਿਖੱਦੇ ਹਨ ਕਿ ਇਕ ਮਿੱਤਰ ਮਆਵੇਲੀ ਦਾ ਬਚੱਾ ਵਾਹਵਾ ਦਿਨਾਂ ਤੋਂ ਬਿਮਾਰ ਸੀ, ਜੱਦ ਉਹਨਾਂ ਕੋਲ ਚੰਦੇ ਦੀ ਤਹਿਰੀਕ ਲਈ ਗਏ ਤਾਂ ਉਹਨਾਂ ਨੇ ਅਦਾਇਗੀ ਕਰ ਦਿੱਤੀ ਅਤੇ ਨਾਲ ਹੀ ਦੁਆ ਕੀਤੀ ਕਿ ਹੇ, ਖ਼ੁਦਾ ! ਇਸ ਚੰਦੇ ਦੀ ਬਰਕਤ ਨਾਲ ਮੇਰੇ ਬੱਚੇ ਨੂੰ ਸਵਾਸਥ ਬਖ਼ਸ਼ । ਇਹ ਮਿਤੱਰ ਬਿਆਨ ਕਰਦੇ ਹਨ ਕਿ ਕੁਝ ਦਿਨਾ ਬਾਦ ਹੀ ਮੇਰੇ ਬੱਚੇ ਦੀ ਸਿਹਤ ਚੰਗੀ ਹੋਣੀ ਸ਼ੁਰੂ ਹੋ ਗਈ ਅਤੇ ਮੈਂ ਆਪ ਹੈਰਾਨ ਹੋ ਗਿਆ ਕਿ ਕਿਵੇਂ ਸਾਡਾ ਰੱਬ ਦੁਆ ਨੂੰ ਕੁਬੂਲ ਕਰਦਾ ਹੈ ਅਤੇ ਸਾਡੀਆਂ ਤੁੱਛ ਜਿਹੀਆਂ ਕੁਰਬਾਨੀਆਂ ਨੂੰ ਵੀ ਕੁਬੂਲ ਕਰ ਲੈਂਦਾ ਹੈ ।

ਕੈਨੇਡਾ ਦੀ ਸੈਕ੍ਰੇਟਰੀ ਤਹਿਰੀਕੇ ਜਦੀਦ ਲਜਨਾ ਲਿਖੱਦੀ ਹਨ ਕਿ ਇਕ ਭੈਣ ਨੇ ਦੱਸਿਆ ਕਿ ਉਹਨਾ ਦੇ ਪਤੀ ਨੇ ਤਹਿਰੀਕੇ ਜਦੀਦ ਵਿੱਚ ਇਕ ਹਜ਼ਾਰ ਡਾਲਰ ਦਾ ਵਾਦਾ ਕੀਤਾ ਸੀ ਪਰ ਵਾਹਵਾ ਸਮੇਂ ਤੋਂ ਬੇਰੋਜ਼ਗਾਰ ਸੀ ਇਸ ਲਈ ਅਦਾਇਗੀ ਨਹੀਂ ਹੋ ਸਕੀ । ਸਾਲ ਖ਼ਤਮ ਹੋਣ ਵਿੱਚ ਇਕ ਹਫ਼ਤਾ ਰਹਿ ਗਿਆ ਤਾਂ ਸੈਕ੍ਰੇਟਰੀ ਸਾਹਬ ਮਾਲ ਉਹਨਾਂ ਦੇ ਘਰ ਚੰਦਾ ਲੈਂਣ ਆਏ । ਉਹਨਾਂ ਦੇ ਪਤੀ ਅੰਦਰ ਗਏ ਅਤੇ ਬੇਗ਼ਮ (ਪਤਨੀ) ਨੂੰ ਕਿਹਾ ਕਿ ਮੇਰੇ ਕੋਲ ਤਾਂ ਕੁਝ ਹੈ ਨਹੀਂ, ਹੁਣ ਕੀ ਕਰਾਂ । ਇਸ'ਤੇ ਉਸ ਇਸਤਰੀ ਨੇ ਕਿਹਾ ਕਿ ਇਹਨਾਂ ਨੂੰ ਖ਼ਾਲੀ ਹੱਥ ਤਾਂ ਜਾਣ ਦਹੀਂ ਦੇ ਸਕਦੇ । ਉਹਨਾ ਕੋਲ ਕੁਝ ਸੇਵਿੰਗ ਸੀ ਇਕ ਹਜ਼ਾਰ ਡਾਲਰ ਸੀ, ਉਸ ਨਾਲ ਚੰਦਾ ਅਦਾ ਕਰ ਦਿਤੱਾ ਅਤੇ ਕਹਿੰਦੀ ਹਨ ਚੰਦੇ ਦੀ ਬਰਕਤ ਨਾਲ ਇਸੇ ਹਫ਼ਤੇ ਦੇ ਅੰਦਰ ਉਹਨਾਂ ਦੇ ਪਤੀ ਨੂੰ ਸੱਤ ਹਜ਼ਾਰ ਮਹੀਨਾ ਦੀ ਜਾਬ ਮਿਲ ਗਈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਦੀਆਂ ਮਿਹਰਾਂ ਦੀਆਂ ਇਹ ਗਲੱਾਂ ਵਰਨਣ ਕਰਨ ਦੇ ਬਾਦ ਹੁਣ ਮੈਂ ਤਹਿਰੀਕੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਕਰਦਿਆਂ ਹੋਇਆਂ ਬੀਤੇ ਸਾਲ ਦੇ ਕੁਝ ਬਿਬਰਣ ਪੇਸ਼ ਕਰਦਾ ਹਾਂ । ਇਸ ਸਾਲ ਦੀ ਪਹਿਲੀ ਨਵੰਬਰ ਤੋਂ ਇਹ ਤਹਿਰੀਕੇ ਜਦੀਦ ਦਾ ਨਵਾਂ 85ਵਾਂ ਸਾਲ ਸ਼ੁਰੂ ਹੋ ਚੁਕਿਆ ਹੈ ਬੀਤੇ ਸਾਲ ਪਹੁੰਚੀ ਰਿਪੋਰਟ ਅਨੁਸਾਰ 12.79 ਮਿਲੀਯਨ ਤੋਂ ਵੱਧ ਪਾਊਂਡ ਰੱਬ ਨੇ ਨੇਕ ਬੰਦਿਆਂ ਨੂੰ ਕੁਰਬਾਨੀ ਕਰਨ ਦੀ ਤੌਫ਼ੀਕ ਪ੍ਰਦਾਨ ਕੀਤੀ ਅਰਥਾਤ ਇਕ ਕਰੋੜ ਸਤਾਈ ਲੱਖ ਤਰਾਨਵੇਂ ਹਜ਼ਾਰ ਪਾਊਂਡ । ਇਹ ਬੀਤੇ ਸਾਲ ਦੀ ਤੁਲਨਾ ਵਿੱਚ ਰੱਬ ਦੀ ਮਿਹਰ ਨਾਲ ਦੋ ਲੱਖ ਬਾਰ੍ਹਾਂ ਹਜ਼ਾਰ ਪਾਊਂਡ ਅਧਿਕ ਹੈ । ਸਾਰੀ ਦੁਨੀਆ ਦੇ ਗੰਭੀਰ

ਹਾਲਾਤ ਹੁੰਦਿਆਂ ਹੋਇਆਂ ਵੀ ਅਤੇ ਬਹੁਤ ਸਾਰੇ ਦੇਸ਼ਾਂ ਦੀ ਕਰੰਸੀ ਦੀ ਡੀ ਵੈਲੀਊ ਹੋਣ ਦੇ ਬਾਦ ਵੀ ਰੱਬ ਨੇ ਫਿਰ ਵੀ ਤੌਫ਼ੀਕ ਪ੍ਰਦਾਨ ਕੀਤੀ ਹੈ

ਹਜ਼ੂਰ ਅਨਵਰ ਨੇ ਫ਼ਰਮਾਇਆ : ਸਾਮੂਹਿਕ ਵਸੂਲੀ ਦੇ ਪੱਖੋਂ ਪਾਕਿਸਤਾਨ ਤਾਂ ਪਹਿਲੇ ਨੰਬਰ'ਤੇ ਹੁੰਦਾ ਹੀ ਹੈ, ਇਸ ਦੇ ਬਾਦ ਜਰਮਨੀ ਨੰਬਰ ਇਕ ਹੈ, ਬਰਤਾਨੀਆ ਨੰਬਰ ਦੋ, ਅਮਰੀਕਾ ਨੰਬਰ ਤਿੰਨ, ਕੈਨੇਡਾ ਨੰਬਰ ਚਾਰ, ਪੰਜ ਨੰਬਰ'ਤੇ ਭਾਰਤ, ਛੇਠੇ ਨੰਬੇ'ਤੇ ਆਸਟ੍ਰੇਲੀਆ, ਸਤੱਵੇਂ ਨੰਬਰ'ਤੇ ਮਿਡਲ ਈਸਟ ਦੀ ਇਕ ਜਮਾਤ ਹੈ ਫਿਰ ਅਠੱਵੇਂ ਨੰਬਰ'ਤੇ ਇੰਡੋਨੇਸ਼ੀਆ ਹੈ, ਫਿਰ ਨੋਵੇਂ ਨੰਬਰ'ਤੇ ਘਾਨਾ ਹੈ ਦਸਵੇਂ ਨੰਬਰ'ਤੇ ਫ਼ਿਰ ਮਿਡਲ ਈਸਟ ਦਾ ਹੀ ਇਕ ਦੇਸ਼ ਹੈ ।

ਦਫ਼ਤਰ ਅਵੱਲ ਦੇ ਸਾਰੇ ਖਾਤੇ ਵੀ ਰੱਬ ਦੀ ਮਿਹਰ ਨਾਲ ਜਾਰੀ ਹਨ ਜੋ ਪੰਜ ਹਜ਼ਾਰ ਨੌ ਸੌ ਸਤਾਈ ਹਨ ।

ਇੰਡੀਆ ਦੀਆਂ ਦਸ ਵੱਡੀਆਂ ਜਮਾਤਾਂ ਵਿੱਚ ਕੁਰਬਾਨੀ ਦੇ ਪੱਖੋਂ ਕਾਦੀਆਂ ਪੰਜਾਬ, ਹੈਦਰਾਬਾਦ ਤਿਲੰਗਾਨਾ, ਪਿਤਪਰਮ ਕੈਰਾਲਾ, ਚੰਨੈਈ ਤਾਮਿਲਨਾਡੂ, ਕਾਲੀਕੱਟ ਕੈਰਾਲਾ, ਬੈਂਗਲੂਰੁ ਕਰਨਾਟਕ, ਕਲਕੱਤਾ ਬੰਗਾਲ, ਪੈਂਗਾਡੀ ਕੈਰਾਲਾ, ਕਨੂੱਰ ਟਾਊਨ ਕੈਰਾਲਾ, ਯਾਦਗੀਰ ਕਰਨਾਟਕ, ਸੂਬਿਆਂ ਦੇ ਵਿੱਚ ਕੁਰਬਾਨੀ ਦੇ ਪੱਖੋਂ ਭਾਰਤ ਵਿੱਚ ਪਹਿਲਾ ਨੰਬਰ ਹੈ ਕੈਰਾਲਾ, ਫਿਰ ਕਰਨਾਟਕ, ਫਿਰ ਤਾਮਿਲਨਾਡੂ, ਤਿਲੰਗਾਨਾ, ਜਮੂ ਕਸ਼ਮੀਰ, ਫਿਰ ਓਡੀਸਾ ਫਿਰ ਪੰਜਾਬ ਫਿਰ ਬੰਗਾਲ ਫਿਰ ਦਿੱਲੀ ਅਤੇ ਮਹਾਰਾਸ਼ਟਰ ।

ਅਲੱਾਹ ਤਆਲਾ ਇਹਨਾਂ ਸਾਰਿਆਂ ਕੁਰਬਾਨੀਆਂ ਕਰਨ ਵਾਲਿਆਂ ਦੇ ਮਾਲ ਤੇ ਵਿਅਕਤੀਆਂ ਵਿੱਚ ਅਥਾਹ ਵਾਧਾ ਤੇ ਬਰਕਤਾਂ ਪ੍ਰਦਾਨ ਕਰੇ

**Khulasa Khutba Jumma 09.11.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131